# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 10.6.2021
# ਦੀ ਕਾਰਵਾਈ

(ਮਤਾ ਨੰ: **351-369)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 10.6.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ............... ਮੈਂਬਰ
3. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ............... ਮੈਂਬਰ
4. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-351

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 31.5.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 31.5.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-352

ਵਿਸ਼ਾ:- ਐਨੁਅਲ ਮੇਨਟੀਨੈਂਸ ਆਫ ਸਟਰੀਟ ਲਾਈਟ ਪੁਆਇੰਟ ਫਾਲਿੰਗ ਅੰਡਰ ਜ਼ੋਨ ਨੰਬਰ 5 ਸਬੰਧੀ ਕੰਮ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਦੇ ਵਿਰੁੱਧ ਸਟਰੀਟ ਲਾਈਟ ਸੱਬ ਕਮੇਟੀ ਦੀ ਸਿਫਾਰਸ਼ ਤੇ ਅਗਲੇਰੀ ਕਾਰਵਾਈ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਜ਼ੋਨ ਨੰਬਰ 5 ਅਧੀਨ ਪੈਂਦੇ ਸਟਰੀਟ ਲਾਈਟ ਪੁਆਇੰਟਾਂ ਦੇ ਸਾਲਾਨਾਂ ਰੱਖ-ਰਖਾਵ ਦਾ ਕੰਮ ਮੈਸ: ਗੁਰਮ ਇਲੈਕਟ੍ਰਿਕਲ ਨੂੰ ਵਰਕ ਆਰਡਰ ਨੰਬਰ ਸੀ.ਈ/ਈ.ਟੀ/208 ਮਿਤੀ 17-03-2020 ਰਾਹੀਂ ਅਲਾਟ ਕੀਤਾ ਗਿਆ ਸੀ ਪਰ ਇਸ ਅਜੰਸੀ ਵਲੋਂ ਜ਼ੋਨ ਨੰਬਰ 5 ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਵਿੱਚ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਨਾ ਠੀਕ ਕਰਵਾਉਣ ਕਰਕੇ ਇਸ ਦਫਤਰ ਦੇ ਪੱਤਰ ਨੰਬਰ 513/ਸੀ.ਈ/ਐਲ ਮਿਤੀ 29-09-2020 ਰਾਹੀਂ ਪਹਿਲਾਂ ਨੋਟਿਸ ਪੱਤਰ ਨੰਬਰ 537/ਸੀ.ਈ/ਐਲ ਮਿਤੀ 08-10-2020 ਰਾਹੀਂ ਦੂਸਰਾ ਨੋਟਿਸ ਅਤੇ ਪੱਤਰ ਨੰਬਰ 548/ਸੀ.ਈ/ਐਲ ਮਿਤੀ 14-10-2020 ਰਾਹੀਂ ਤੀਸਰਾ ਨੋਟਿਸ ਠੇਕੇਦਾਰ/ਅਜੰਸੀ ਨੂੰ ਭੇਜਦੇ ਹੋਏ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਠੀਕ ਕਰਵਾਉਣ ਲਈ ਲਿਖਿਆ ਗਿਆ ਸੀ ਅਤੇ ਇਸ ਪੱਤਰ ਵਿੱਚ ਬੰਦ ਸਟਰੀਟ ਲਾਈਟ ਪੁਆਇੰਟਾਂ ਨੂੰ ਠੀਕ ਨਾ ਕਰਨ ਦੀ ਸੂਰਤ ਵਿੱਚ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ ਪਰੰਤੂ ਇਸ ਦੇ ਬਾਵਜੂਦ ਠੇਕੇਦਾਰ/ ਅਜੰਸੀ ਵਲੋਂ ਇਨ੍ਹਾਂ ਨੋਟਿਸਾਂ ਦਾ ਕੋਈ ਵੀ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਟਰੀਟ ਲਾਈਟ ਦੇ ਰੱਖ-ਰਖਾਵ ਦੇ ਕੰਮ ਵਿੱਚ ਕੋਈ ਸੁਧਾਰ ਕੀਤਾ ਗਿਆ। ਇਥੇ ਇਹ ਦਸਣ ਯੋਗ ਹੈ ਕਿ ਉਕਤ ਅਜੰਸੀ ਵਲੋਂ ਤਕਰੀਬਨ ਪਿਛਲੇ ਦੋ ਮਹੀਨਿਆਂ ਤੋਂ ਆਨਸ਼ਿਕ ਰੂਪ ਵਿੱਚ ਸਿਰਫ ਸਟਰੀਟ ਲਾਈਟ ਪੁਆਇੰਟਾਂ ਨੂੰ ਜਗਾਉਣ ਅਤੇ ਬੰਦ ਕਰਨ ਦਾ ਕੰਮ ਹੀ ਕੀਤਾ ਰਿਹਾ ਹੈ। ਇਸ ਤੋਂ ਇਲਾਵਾ ਇਸ ਦਫਤਰ ਦੇ ਪੱਤਰ ਨੰਬਰ 606/ਸੀ.ਈ/ਐਲ ਮਿਤੀ 04-12-2020 ਰਾਹੀਂ ਠੇਕੇਦਾਰ/ਅਜੰਸੀ ਨੂੰ ਬੰਦ ਸਟਰੀਟ ਲਾਈਟ ਪੁਆਇੰਟਾਂ ਸਬੰਧੀ ਐਮ.ਸੇਵਾ ਤੇ ਪੈਂਡਿੰਗ ਸ਼ਿਕਾਇਤਾਂ ਦੀ ਲਿਸਟ ਭੇਜ਼ ਕੇ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਠੀਕ ਕਰਵਾ ਕੇ ਇਸ ਦਫਤਰ ਨੂੰ ਲਿਖਿਤ ਰੂਪ ਵਿੱਚ ਸੂਚਿਤ ਕਰਨ ਬਾਰੇ ਲਿਖਿਆ ਗਿਆ ਸੀ ਪਰ ਉਕਤ ਅਜੰਸੀ ਵਲੋਂ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਠੀਕ ਨਹੀਂ ਕੀਤਾ ਜਾ ਰਿਹਾ ਹੈ।

ਇਸ ਉਪਰੰਤ ਮਿਤੀ 18-12-2020 ਨੂੰ ਸਟਰੀਟ ਲਾਈਟ ਸਬ-ਕਮੇਟੀ ਦੇ ਮੈਂਬਰਾ ਨਾਲ ਮੀਟਿੰਗ ਹੋਈ, ਜਿਸ ਵਿੱਚ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਇਸ ਠੇਕੇਦਾਰ/ ਅਜੰਸੀ ਦੇ ਵਿਰੁੱਧ ਕਾਰਵਾਈ ਕਰਨ ਲਈ ਕੇਸ ਸਟਰੀਟ ਲਾਈਟ ਸਬ-ਕਮੇਟੀ ਨੂੰ ਭੇਜਿਆ ਜਾਵੇ। ਮਿਤੀ 23-12-2020 ਨੂੰ ਇਹ ਕੇਸ ਸਬ-ਕਮੇਟੀ ਦੇ ਚੈਅਰਮੈਨ ਜੀ ਨੂੰ ਭੇਜਿਆ ਗਿਆ। ਇਸ ਦੇ ਸਬੰਧ ਅਗਲੇਰੀ ਕਾਰਵਾਈ ਕਰਨ ਲਈ ਚੇਅਰਮੈਨ ਜੀ ਵਲੋਂ ਮਿਤੀ 24-12-2020 ਨੂੰ ਸਬ-ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਚੇਅਰਮੈਨ ਜੀ ਅਤੇ ਮੈਂਬਰ ਸਾਹਿਬਾਨ ਵਲੋਂ ਜ਼ੋਨ ਨੰਬਰ 5 ਵਿੱਚ ਸਟਰੀਟ ਲਾਈਟ ਦੀ ਰੱਖ-ਰਖਾਵ ਦਾ ਕੰਮ ਸਹੀ ਢੰਗ ਨਾਲ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਨੂੰ ਡੀ-ਬਾਰ/ ਬਲੈਕ ਲਿਸਟ ਕਰਨ ਸਬੰਧੀ ਕਾਰਵਾਈ ਕਰਨ ਤੇ ਵਿਚਾਰ-ਵਿਮਰਸ਼ ਕਰਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਦਫਤਰੀ ਨੋਟਿਸਾਂ ਅਤੇ ਕਈ ਬਾਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਸਟਰੀਟ ਲਾਈਟ ਦੇ ਰੱਖ-ਰਖਾਵ ਦਾ ਕੰਮ ਸਹੀ ਢੰਗ ਨਾਲ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਨੂੰ ਡੀ-ਬਾਰ/ ਬਲੈਕ ਲਿਸਟ ਕੀਤਾ ਜਾਵੇ ਅਤੇ ਕਮੇਟੀ ਦੀ ਸਿਫਾਰਸ਼ ਤੋਂ ਬਾਅਦ ਇਸ ਅਜੰਸੀ ਨੂੰ ਡੀ-ਬਾਰ/ ਬਲੈਕ ਲਿਸਟ ਕਰਨ ਸਬੰਧੀ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਵੇ।

ਇਸ ਲਈ ਸਟਰੀਟ ਲਾਈਟ ਐਡਹਾਕ ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਕੇਸ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 31.5.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 31.5.2021 ਨਾਲ ਸਬ- ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਕਾਰਵਾਈ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਮੇਅਰ ਜੀ ਨੇ ਦੱਸਿਆ ਕਿ ਸਬੰਧਤ ਠੇਕੇਦਾਰ ਨੇ ਅੱਜ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਮਾਂ ਮੰਗਿਆ ਸੀ ਪਰੰਤੂ ਉਸ ਦੀ ਤਬੀਅਤ ਠੀਕ ਨਾ ਹੋਣ ਕਰਕੇ ਉਹ ਹਾਜਰ ਨਹੀਂ ਹੋ ਸਕਿਆ ਅਤੇ ਉਸ ਨੇ ਕਿਹਾ ਹੈ ਕਿ ਉਹ ਅਗਲੀ ਮੀਟਿੰਗ ਵਿਚ ਹਾਜਰ ਹੋ ਜਾਵੇਗਾ। ਇਸ ਲਈ ਇਹ ਮੱਦ ਹਾਲ ਦੀ ਘੜੀ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-353

ਵਿਸ਼ਾ:- ਐਨੂਅਲ ਮੇਨਟੀਨੈਂਸ ਆਫ ਸਟਰੀਟ ਲਾਈਟ ਪੁਆਇੰਟ ਫਾਲਿੰਗ ਅੰਡਰ ਜ਼ੋਨ ਨੰਬਰ 7 ਸਬੰਧੀ ਕੰਮ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਦੇ ਵਿਰੁੱਧ ਸਟਰੀਟ ਲਾਈਟ ਸੱਬ ਕਮੇਟੀ ਦੀ ਸਿਫਾਰਸ਼ ਤੇ ਅਗਲੇਰੀ ਕਾਰਵਾਈ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ੳ.ਐਂਡ ਐਮ.) ਜਿਸ ਦੀ ਸ੍ਰਿਫਾਰਸ਼ ਨਿਗਰਾਨ ਇੰਜੀਨੀਅਰ (ੳ.ਐਂਡ.ਐਮ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਜ਼ੋਨ ਨੰਬਰ 7 ਅਧੀਨ ਪੈਂਦੇ ਸਟਰੀਟ ਲਾਈਟ ਪੁਆਇੰਟਾਂ ਦੇ ਸਾਲਾਨਾਂ ਰੱਖ-ਰਖਾਵ ਦਾ ਕੰਮ ਮੈਸ: ਗੁਰਮ ਇਲੈਕਟ੍ਰਿਕਲ ਨੂੰ ਵਰਕ ਆਰਡਰ ਨੰਬਰ ਸੀ.ਈ/ਈ.ਟੀ/203 ਮਿਤੀ 05-03-2020 ਰਾਹੀਂ ਅਲਾਟ ਕੀਤਾ ਗਿਆ ਸੀ ਅਤੇ ਕੰਮ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਪਰੰਤੂ ਇਸ ਦੋਰਾਨ ਕੋਵਿਡ-19 ਕਾਰਨ ਸਰਕਾਰ ਵਲੋਂ ਲੋਕਡਾਊਨ/ ਜਨਤਾ ਕਰਿਫਿਊ ਲਗਾ ਦਿੱਤਾ ਗਿਆ ਸੀ, ਜਿਸ ਕਾਰਨ ਠੇਕੇਦਾਰ ਵਲੋਂ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ, ਜਿਸ ਕਾਰਨ ਇਸ ਸਮੇਂ ਦੋਰਾਨ ਜ਼ੋਨ ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਸਟਰੀਟ ਲਾਈਟਾਂ ਬੰਦ ਹੋਣ ਦੀਆਂ ਸ਼ਿਕਾਇਤਾਂ ਵਿੱਚ ਕਾਫੀ ਵਾਧਾ ਹੋ ਗਿਆ ਅਤੇ ਵਾਰਡ ਕੌਂਸਲਰ ਅਤੇ ਪਬਲਿਕ ਵਲੋਂ ਇਨ੍ਹਾਂ ਬੰਦ ਪਈਆਂ ਲਾਈਟਾਂ ਨੂੰ ਠੀਕ ਕਰਨ ਵਾਸਤੇ ਬਾਰ-ਬਾਰ ਕਿਹਾ ਜਾ ਰਿਹਾ ਸੀ। ਇਨ੍ਹਾਂ ਬੰਦ ਪਈਆਂ ਸਟਰੀਟ ਲਾਈਟਾਂ ਨੂੰ ਠੀਕ ਕਰਵਾਉਣ ਵਾਸਤੇ ਪਬਲਿਕ ਅਤੇ ਕੌਂਸਲਰ ਸਾਹਿਬਾਨ ਵਲੋਂ ਐਮ.ਸੇਵਾ ਤੇ ਵੀ ਬਾਰ-ਬਾਰ ਕੰਪਲੇਟਾਂ ਪਾਈਆਂ ਜਾ ਰਹੀਆਂ ਸਨ।

ਇਸ ਉਪਰੰਤ ਮਹੀਨਾ ਜੂਨ ਵਿੱਚ ਠੇਕੇਦਾਰ ਵਲੋਂ ਇਹ ਕੰਮ ਸ਼ੁਰੂ ਕਰ ਦਿੱਤਾ ਗਿਆ ਅਤੇ ਠੇਕੇਦਾਰ ਵਲੋਂ ਪੁਰਾਣੇ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਠੀਕ ਕਰਨ ਲਈ ਲਿਖਤੀ ਰੂਪ ਵਿੱਚ 10 ਦਿਨਾ ਦਾ ਸਮਾਂ ਮੰਗਿਆ ਗਿਆ। ਇਸ ਉਪਰੰਤ ਠੇਕੇਦਾਰ ਵਲੋਂ ਲੋਕਡਾਊਨ ਦੋਰਾਨ ਬੰਦ ਪਈਆਂ ਸਟਰੀਟ ਲਾਈਟਾਂ ਦੀਆਂ ਪੁਰਾਣੀਆਂ ਸ਼ਿਕਾਇਤਾਂ ਅਤੇ ਨਵੀਆਂ ਸ਼ਿਕਾਇਤਾਂ ਨੂੰ ਠੀਕ ਕਰਨ ਵਿੱਚ ਤੇਜੀ ਨਹੀਂ ਦਿਖਾਈ ਗਈ, ਜਿਸ ਕਾਰਨ ਕੌਂਸਲਰ ਸਾਹਿਬਾਨ ਅਤੇ ਪਬਲਿਕ ਵਿੱਚ ਜ਼ੋਨ ਨੰਬਰ 7 ਵਿੱਚ ਸਟਰੀਟ ਲਾਈਟ ਦੀ ਮਾੜੀ ਕਾਰਗੁਜਾਰੀ ਪ੍ਰਤੀ ਕਾਫੀ ਰੋਸ਼ ਪ੍ਰਗਟ ਕੀਤਾ ਜਾ ਰਿਹਾ ਸੀ। ਇਸ ਦੇ ਸਬੰਧ ਵਿੱਚ ਠੇਕੇਦਾਰ ਨੂੰ ਕਈ ਬਾਰ ਜੁਬਾਨੀ ਤੌਰ ਤੇ ਸਟਰੀਟ ਲਾਈਟ ਦੇ ਰੱਖ-ਰਖਾਵ ਦਾ ਕੰਮ ਸਹੀ ਢੰਗ ਨਾਲ ਕਰਨ ਵਾਸਤੇ ਕਿਹਾ ਗਿਆ ਪਰੰਤੂ ਠੇਕੇਦਾਰ ਵਲੋਂ ਬੰਦ ਪਏ ਸਟਰੀਟ ਲਾਈਟ ਪੁਆਇੰਟਾਂ ਨੂੰ ਠੀਕ/ ਰਿਪੇਅਰ ਕਰਵਾਉਣ ਲਈ ਕੋਈ ਵੀ ਤੇਜੀ ਨਹੀਂ ਦਿਖਾਈ ਜਾ ਰਹੀ ਸੀ। ਇਸ ਦੇ ਸਬੰਧ ਵਿੱਚ ਸਟਰੀਟ ਲਾਈਟ ਸੱਬ ਕਮੇਟੀ ਦੇ ਵੱਖ-ਵੱਖ ਮੈਂਬਰ ਸਾਹਿਬਾਨ ਵਲੋਂ ਕਾਫੀ ਰੋਸ਼ ਪ੍ਰਗਟ ਕਰਦੇ ਹੋਏ ਇਸ ਠੇਕੇਦਾਰ ਨੂੰ ਨੋਟਿਸ ਜਾਰੀ ਕਰਨ ਲਈ ਕਿਹਾ ਗਿਆ। ਇਸ ਉਪਰੰਤ ਦਫਤਰੀ ਪੱਤਰ ਨੰਬਰ 533/ਸੀ.ਈ/ਐਲ ਮਿਤੀ 30-09-2020 ਰਾਹੀਂ ਪਹਿਲਾ ਨੋਟਿਸ ਠੇਕੇਦਾਰ ਨੂੰ ਭੇਜਿਆ ਗਿਆ ਅਤੇ ਪੱਤਰ ਨੰਬਰ 536/ਸੀ.ਈ/ਐਲ ਮਿਤੀ 07-10-2020 ਰਾਹੀਂ ਦੂਸਰਾ ਨੋਟਿਸ ਠੇਕੇਦਾਰ ਨੂੰ ਭੇਜਿਆ ਗਿਆ, ਜਿਸ ਵਿੱਚ ਉਸ ਨੂੰ ਜ਼ੋਨ ਨੰਬਰ 7 ਅਧੀਨ ਬੰਦ ਪਈਆਂ ਲਾਈਟਾਂ ਨੂੰ ਜਲਦੀ ਤੋਂ ਜਲਦੀ ਠੀਕ ਕਰਨ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਕਿਹਾ ਗਿਆ, ਪਰੰਤੂ ਠੇਕੇਦਾਰ ਵਲੋਂ ਮਹੀਨਾ ਅਕਤੂਬਰ ਵਿੱਚ ਸਟਰੀਟ ਲਾਈਟਾਂ ਨੂੰ ਆਨ-ਆਫ (ਅੰਸ਼ਕ ਰੂਪ ਵਿੱਚ) ਤੋਂ ਇਲਾਵਾ ਰੱਖ-ਰਖਾਵ ਦਾ ਕੰਮ ਬਿਲਕੁੱਲ ਬੰਦ ਕਰ ਦਿੱਤਾ ਗਿਆ। ਠੇਕੇਦਾਰ ਵਲੋਂ ਕੰਮ ਬੰਦ ਕਰਨ ਉਪਰੰਤ ਦਫਤਰੀ ਪੱਤਰ ਨੰਬਰ 584/ਸੀ.ਈ/ਐਲ ਮਿਤੀ 05-11-2020 ਰਾਹੀਂ ਠੇਕੇਦਾਰ ਨੂੰ ਤੀਸਰਾ ਨੋਟਿਸ ਭੇਜਿਆ ਗਿਆ ਕਿ ਜ਼ੋਨ ਨੰਬਰ 7 ਅਧੀਨ ਬੰਦ ਪਈਆਂ ਲਾਈਟਾਂ ਨੂੰ ਜਲਦੀ ਤੋਂ ਜਲਦੀ ਠੀਕ ਕਰਵਾਇਆ ਜਾਵੇ ਨਹੀਂ ਤਾਂ ਤੁਹਾਡੇ ਵਿਰੁੱਧ ਟੈਂਡਰ ਕੰਡੀਸ਼ਨਾ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ ਪਰੰਤੂ ਠੇਕੇਦਾਰ ਵਲੋਂ ਇਸ ਨੋਟਿਸ ਦਾ ਨਾ ਤਾਂ ਕੋਈ ਜਵਾਬ ਦਿੱਤਾ ਗਿਆ ਅਤੇ ਨਾ ਹੀ ਕੰਮ ਵਿੱਚ ਕੋਈ ਸੁਧਾਰ ਕੀਤਾ ਗਿਆ।

ਇਸ ਉਪਰੰਤ ਮਿਤੀ 18-12-2020 ਨੂੰ ਸਟਰੀਟ ਲਾਈਟ ਸੱਬ ਕਮੇਟੀ ਦੇ ਮੈਂਬਰਾ ਨਾਲ ਮੀਟਿੰਗ ਹੋਈ, ਜਿਸ ਵਿੱਚ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਇਸ ਠੇਕੇਦਾਰ/ ਅਜੰਸੀ ਦੇ ਵਿਰੁੱਧ ਕਾਰਵਾਈ ਕਰਨ ਲਈ ਕੇਸ ਸਟਰੀਟ ਲਾਈਟ ਸੱਬ ਕਮੇਟੀ ਨੂੰ ਭੇਜਿਆ ਜਾਵੇ। ਮਿਤੀ 23-12-2020 ਨੂੰ ਇਹ ਕੇਸ ਸੱਬ ਕਮੇਟੀ ਦੇ ਚੈਅਰਮੈਨ ਜੀ ਨੂੰ ਭੇਜਿਆ ਗਿਆ। ਇਸ ਦੇ ਸਬੰਧ ਅਗਲੇਰੀ ਕਾਰਵਾਈ ਕਰਨ ਲਈ ਚੇਅਰਮੈਨ ਜੀ ਵਲੋਂ ਮਿਤੀ 24-12-2020 ਨੂੰ ਸੱਬ ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਚੇਅਰਮੈਨ ਜੀ ਅਤੇ ਮੈਂਬਰ ਸਾਹਿਬਾਨ ਵਲੋਂ ਜ਼ੋਨ ਨੰਬਰ 7 ਵਿੱਚ ਸਟਰੀਟ ਲਾਈਟ ਦੀ ਰੱਖ-ਰਖਾਵ ਦਾ ਕੰਮ ਸਹੀ ਢੰਗ ਨਾਲ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਨੂੰ ਡੀ-ਬਾਰ/ ਬਲੈਕ ਲਿਸਟ ਕਰਨ ਸਬੰਧੀ ਕਾਰਵਾਈ ਕਰਨ ਤੇ ਵਿਚਾਰ-ਵਿਮਰਸ਼ ਕਰਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਦਫਤਰੀ ਨੋਟਿਸਾਂ ਅਤੇ ਕਈ ਬਾਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਸਟਰੀਟ ਲਾਈਟ ਦੇ ਰੱਖ-ਰਖਾਵ ਦਾ ਕੰਮ ਸਹੀ ਢੰਗ ਨਾਲ ਨਾ ਕਰਨ ਵਾਲੀ ਅਜੰਸੀ ਮੈਸ: ਗੁਰਮ ਇਲੈਕਟ੍ਰਿਕਲ ਨੂੰ ਡੀ-ਬਾਰ/ ਬਲੈਕ ਲਿਸਟ ਕੀਤਾ ਜਾਵੇ ਅਤੇ ਕਮੇਟੀ ਦੀ ਸਿਫਾਰਸ਼ ਤੋਂ ਬਾਅਦ ਇਸ ਅਜੰਸੀ ਨੂੰ ਡੀ-ਬਾਰ/ ਬਲੈਕ ਲਿਸਟ ਕਰਨ ਸਬੰਧੀ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਵੇ।

ਇਸ ਲਈ ਸਟਰੀਟ ਲਾਈਟ ਐਡਹਾਕ ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਕੇਸ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 31.5.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 31.5.2021 ਨਾਲ ਸਬ- ਕਮੇਟੀ ਵਲੋਂ ਲਏ ਗਏ ਫੈਸਲੇ ਅਨੁਸਾਰ ਕਾਰਵਾਈ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਮੇਅਰ ਜੀ ਨੇ ਦੱਸਿਆ ਕਿ ਸਬੰਧਤ ਠੇਕੇਦਾਰ ਨੇ ਅੱਜ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਮਾਂ ਮੰਗਿਆ ਸੀ ਪਰੰਤੂ ਉਸ ਦੀ ਤਬੀਅਤ ਠੀਕ ਨਾ ਹੋਣ ਕਰਕੇ ਉਹ ਹਾਜਰ ਨਹੀਂ ਹੋ ਸਕਿਆ ਅਤੇ ਉਸ ਨੇ ਕਿਹਾ ਹੈ ਕਿ ਉਹ ਅਗਲੀ ਮੀਟਿੰਗ ਵਿਚ ਹਾਜਰ ਹੋ ਜਾਵੇਗਾ। ਇਸ ਲਈ ਇਹ ਮੱਦ ਹਾਲ ਦੀ ਘੜੀ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-354

ਵਿਸ਼ਾ:- Annual Estimate for Desilting of Sewer line and Manholes with Super Suction Machines in Different areas of Wards in Zone 2. (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 47,56,000/- ਕੁੱਲ ਪ੍ਰਾਪਤ ਵੈਲਿਡ ਟੈਂਡਰ 2 (ਤੀਸਰੀ ਬਾਰੀ)
ਟੈਂਡਰ ਅਮਾਊਂਟ ਰੁਪਏ: 43,87,410/- ਸੇਵਿੰਗ 7.75%
ਅਜੰਸੀ ਦਾ ਨਾਮ:- ਮੈ: ਦੀ ਐਚ.ਪੀ ਕੋ-ਆਪ ਐਲ.ਸੀ ਸੁਸਾਈਟੀ ਮਲੋਟ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ਾ ਅਨੁਸਾਰ ਨਗਰ ਨਿਗਮ ਵੱਲੋਂ ਜ਼ੋਨ ਨੰ: 2 ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰ ਮੈਨਹੋਲਾਂ ਅਤੇ ਸੀਵਰ ਲਾਇਨਾਂ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾ ਨਾਲ ਕਰਵਾਉਣ ਲਈ ਰਫ ਕਾਸਟ ਤਖਮੀਨੇ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 77 ਮਿਤੀ 1.12.2020 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ /ਠੇਕੇਦਾਰਾ ਤੋ ਕਈ ਬਾਰੀ ਮੰਗੇ ਗਏ, ਪਰੰਤੂ ਤਕਨੀਕੀ ਮਿਆਰ ਪੱਖੋ ਪੂਰੇ ਨਾ ਹੋਣ ਕਾਰਨ ਇਸ ਕੰਮ ਟੈਂਡਰ ਨੂੰ ਟੈਕਨੀਕਲੀ ਡਿਸਕੁਆਲੀ ਫਾਈ ਕਰਦੇ ਹੋਏ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਤੀਸਰੀ ਬਾਰੀ ਜ਼ੋਨ ਨੰ: 2 ਦੇ ਕੰਮ ਦੇ ਟੈਂਡਰ ਨੂੰ ਈ-ਟੈਂਡਰ ਪ੍ਰਨਾਲੀ ਰਾਹੀਂ ਮੰਗੇ ਗਏ ਸਨ। ਕੁੱਲ 2 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾ ਦੀਆਂ ਵਿੱਤ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਮੈਸਰਜ਼ ਐਚ.ਪੀ.ਕੋ-ਆਪ ਐਲ.ਸੀ ਸੁਸਾਈਟੀ ਮਲੋਟ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਥੇ ਇਹ ਦਸਣਯੋਗ ਹੈ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਟੈਂਡਰ ਵਿੱਚ ਦਰਸ਼ਾਈ ਟਰਮਜ਼ ਐਂਡ ਕੰਡੀਸ਼ਨਜ਼ ELIGIBILITY CRITERIA ਦੇ ਲੜੀ ਨੰ: 3 ਅਨੁਸਾਰ Bidder must quote with One Independent machine for each zone and accordingly proof of ownership should be attached with each tender. ਲਗਾਈ ਗਈ ਸੀ। ਇਸ ਸ਼ਰਤ ਅਨੁਸਾਰ ਮੈ: ਐਚ.ਪੀ ਕੋ-ਆਪ ਐਲ.ਸੀ ਸੁਸਾਈਟੀ ਮਲੋਟ ਵੱਲੋਂ ਉਪਰੋਕਤ ਦਰਸ਼ਾਈ ਸ਼ਰਤ ਅਨੁਸਾਰ ਜ਼ੋ ਸੁਪਰ ਸਕੱਸ਼ਨ ਮਸ਼ੀਨ ਦੇ Ownership proof ਦਰਜ ਕਰਵਾਏ ਗਏ ਸਨ, ਉਹ ਹੀ Ownership proof ਸੁਸਾਈਟੀ ਵੱਲੋਂ ਪਹਿਲਾ ਜ਼ੋਨ ਨੰ: 1 ਵਿੱਚ ਲਏ ਗਏ ਕੰਮ ਤੇ ਟੈਂਡਰ ਵਿੱਚ ਵੀ ਦਰਜ ਕਰਵਾਏ ਗਏ ਸਨ। ਇਸ ਸ਼ਰਤ ਅਨੁਸਾਰ ਸੁਸਾਈਟੀ ਤੋ ਜ਼ੋਨ ਨੰ: 2 ਵਿੱਚ ਪਾਏ ਕੰਮ ਲਈ ਦੂਸਰੀ ਸੁਪਰ ਸਕੱਸ਼ਨ ਮਸ਼ੀਨ ਦੇ Ownership proof ਦਰਜ ਕਰਵਾਉਣ ਬਾਬਤ ਨਿਮਨ ਹਸਤਾਖਰ ਵੱਲੋਂ ਪੱਤਰ ਨੰ: ਐਸ.ਈ/989 ਮਿਤੀ 16.4.2021 ਰਾਹੀਂ ਜਾਰੀ ਕੀਤਾ ਗਿਆ ਸੀ, ਜਿਸ ਦਾ ਜੁਆਬ ਈ-ਮੇਲ ਮਿਤੀ 29.4.2021 ਰਾਹੀਂ ਦਿੰਦੇ ਹੋਏ ਸੁਸਾਈਟੀ ਨੇ ਕਿਹਾ ਹੈ ਕਿ ਜ਼ੋ ਸੁਪਰ ਸਕੱਸ਼ਨ ਮਸ਼ੀਨ ਜ਼ੋਨ ਨੰ: 2 ਵਿੱਚ ਕੰਮ ਕਰਨ ਵਾਸਤੇ ਵਰਤੀ ਜਾਣੀ ਸੀ, ਉਹ ਸੁਪਰ ਸਕੱਸ਼ਨ ਮਸ਼ੀਨ ਦਿੱਲੀ ਵਿੱਚ ਲਾਕਡਾਉਣ ਹੋਣ ਕਾਰਨ ਅਤੇ ਉਥੇ ਦੇ ਲਏ ਕੰਮਾਂ ਨੂੰ ਮੁਕਮਲ ਨਾ ਹੋਣ ਕਾਰਨ ਅਜੇ ਜਲੰਧਰ ਨਹੀ ਆ ਸਕਦੀ। ਇਸ ਲਈ ਜੇਕਰ ਨਗਰ ਨਿਗਮ ਜਲੰਧਰ ਦੇ ਜ਼ੋਨ ਨੰ: 2 ਦਾ ਕੰਮ ਕਰਵਾਉਣ ਵਿੱਚ ਜਲਦੀ ਹੈ ਤਾ ਉਹ ਦੂਸਰੀ ਅਜੰਸੀ (L2 Bidder) ਤੋ ਕਰਵਾ ਸਕਦੇ ਹਨ, ਜਿਸ ਵਿੱਚ ਮੈਸਰਜ਼ ਐਚ.ਪੀ ਕੋ-ਆਪ ਐਲ.ਸੀ ਸੁਸਾਈਟੀ ਮਲੋਟ ਨੂੰ ਕੋਈ ਇਤਰਾਜ ਨਹੀ ਹੈ। ਇਸ ਅਨੁਸਾਰ ਨਿਮਨ ਹਸਤਾਖਰ ਵੱਲੋਂ ਇਸ ਕੰਮ ਦੇ ਟੈਂਡਰ ਵਿੱਚ ਹਿੱਸਾ ਲੈਣ ਵਾਲੀ ਦੂਸਰੀ ਅਜੰਸੀ ਮੈਸਰਜ਼ ਮਾਲਵਾ ਐਂਡ ਕੰਪਨੀ, ਨਿਉ ਦਿੱਲੀ ਨੂੰ ਪੱਤਰ ਨੰ: ਐਸ.ਈ/1028 ਮਿਤੀ 03.05.2021 ਰਾਹੀਂ ਕਿ ਜੇਕਰ ਤੁਹਾਡੀ ਅਜੰਸੀ L1 bidder ਵੱਲੋਂ ਦਿੱਤੀ ਸੇਵਿੰਗ 7.75% ਤੇ ਕੰਮ ਕਰਨ ਨੂੰ ਤਿਆਰ ਹੈ ਤਾਂ ਨਿਮਨ ਹਸਤਾਖਰ ਨੂੰ ਸਹਿਮਤੀ ਜਤਾਈ ਜਾਵੇ। ਅਜੰਸੀ ਵੱਲੋਂ ਨਿਮਨ ਹਸਤਾਖਰ ਨੂੰ ਈ-ਮੇਲ ਰਾਹੀਂ ਮਿਤੀ 05.05.2021 ਨੂੰ ਜ਼ੋਨ ਨੰ: 2 ਦੇ ਕੰਮ ਵਿੱਚ ਸੇਵਿੰਗ 7.75% ਕਰਨ ਦੀ ਸਹਿਮਤੀ ਜਤਾਉਣ ਕਾਰਨ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਗਈ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵੱਲੋਂ ਮਿਤੀ 06.05.2021 ਰਾਹੀਂ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਵਿੱਚ ਮੰਜੂਰੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਗਈ ਸੀ। ਮਾਨਯੋਗ ਕਮਿਸ਼ਨਰ ਜੀ ਵੱਲੋਂ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨਾਲ ਚਰਚਾ ਕਰਨ ਉਪਰੰਤ ਮਿਤੀ 10.05.2021 ਰਾਹੀਂ ਇਹ ਫੈਸਲਾ ਕੀਤਾ ਕਿ

"As per guidelines, tender be allotted to L1, if L1 shows its inability to do work, action be taken against him, as per terms & Conditions of Tender".

ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਨਿਗਰਾਨ ਇੰਜੀਨੀਅਰ ਵੱਲੋਂ ਇਸ ਦਫਤਰ ਦੇ ਪੱਤਰ ਨੰ: ਐਸ.ਈ/1121 ਮਿਤੀ 12.05.2021 ਰਾਹੀਂ ਲਿਖਿਆ ਗਿਆ ਕਿ ਤੁਹਾਡੀ ਸੁਸਾਈਟੀ ਕੋਲ ਜ਼ੋਨ ਨੰ: 2 ਵਿੱਚ ਪਾਏ ਕੰਮ ਲਈ ਦੂਸਰੀ ਸੁਪਰ ਸਕੱਸ਼ਨ ਮਸ਼ੀਨ ਦੇ Ownership proof ਹੈ ਤਾਂ ਪੇਸ਼ ਕਰਨ ਲਈ ਕਿਹਾ ਗਿਆ, ਜਿਸ ਅਨੁਸਾਰ ਸੁਸਾਈਟੀ ਵੱਲੋਂ ਮਿਤੀ 17.05.2021 ਰਾਹੀਂ ਦੂਸਰੀ ਸੁਪਰ ਸਕੱਸ਼ਨ ਮਸ਼ੀਨ ਦੇ ਦਸਤਾਵੇਜ਼ ਦਰਜ ਕਰਵਾ ਦਿੱਤੇ ਗਏ ਹਨ, ਜ਼ੋ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਟੈਂਡਰ ਵਿੱਚ ਦਰਸ਼ਾਈ ਟਰਮਜ਼ ਐਂਡ ਕੰਡੀਸ਼ਨਜ਼ ELIGIBILITY CRITERIA ਨੂੰ ਪੂਰੀਆਂ ਕਰਦੇ ਹਨ।

ਇਸ ਲਈ ਜ਼ੋਨ ਨੰ: 2 ਦੇ ਕੰਮ ਦੇ ਟੈਂਡਰ ਨੂੰ ਮੈ: ਦੀ ਐਚ.ਪੀ ਕੋ-ਆਪ ਐਲ.ਸੀ ਸੁਸਾਈਟੀ ਮਲੋਟ L1 bidder ਨੂੰ ਅਲਾਟ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 17.5.2021 ਅਤੇ ਕਮਿਸ਼ਨਰ ਜੀ ਨੇ ਮਿਤੀ 19.5.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 31.5.2021 ਨਾਲ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਇਸ ਦੀ ਮਿਸਲ ਘੋਖਣ ਹਿਤ ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦੇ ਦਿੱਤੀ ਜਾਵੇ ਜਿਸ ਤੇ ਇਹ ਮਿਸਲ ਮੀਟਿੰਗ ਵਿਚ ਹੀ ਹੱਥ ਦਸਤੀ ਉਹਨਾਂ ਨੂੰ ਦੇ ਦਿੱਤੀ ਗਈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-355

ਵਿਸ਼ਾ:- Providing Manpower on outsource basis i.e 6 Lineman Skilled and 03 Assistant Lineman Semi - Skilled for maintenance of Street Light branch for 1 Year. (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 14,56,056/- (ਮਿਨੀਮਮ ਵੇਜਿਜ਼ 01-09-19 ਅਨੁਸਾਰ-12 ਮਹੀਨਿਆਂ ਲਈ)
ਟੈਂਡਰ ਅਮਾਉਂਟ ਰੁਪਏ 14,56,001/-ਸੇਵਿੰਗ 0.20% ਆਨ 2.50% ਕੰਟਰੈਕਟਰ ਪ੍ਰੋਫਿਟ ਰੁਪਏ 27,418/- (ਦੂਸਰੀ ਬਾਰੀ 2 ਟੈਂਡਰ) ਅਜੰਸੀ ਦਾ ਨਾਮ:- ਮੈਸਰਜ਼ ਆਰ.ਬੀ.ਐਮ ਸਰਵਿਸਿਜ਼
EPF No. LD JAL 1071295 ESI No. 29000 61449 000 1018

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਟਰੀਟ ਲਾਇਟ ਸ਼ਾਖਾ ਵਿੱਚ ਕੁੱਲ 10 ਨੰ: ਲਾਇਨਮੈਨ ਅਤੇ 7 ਨੰ: ਸਹਾਇਕ ਲਾਇਨਮੈਨ ਦੀਆਂ ਪ੍ਰਵਾਨਿਤ ਅਸਾਮੀਆਂ ਹਨ, ਜਿਹਨਾ ਵਿੱਚੋ 9 ਨੰ: ਲਾਇਨਮੈਨ ਅਤੇ 3 ਨੰ: ਸਹਾਇਕ ਲਾਇਨਮੈਨ ਸੇਵਾ ਮੁਕਤ ਹੋ ਚੁਕੇ ਹਨ ਅਤੇ ਇਸ ਸਮੇ ਇਕ ਲਾਇਨਮੈਨ ਅਤੇ 5 ਨੰ: ਸਹਾਇਕ ਲਾਇਨਮੈਨ ਸਟਰੀਟ ਲਾਇਟ ਸ਼ਾਖਾ ਵਿੱਚ ਕੰਮ ਕਰੇ ਹਨ, ਜਿਸ ਕਾਰਨ ਸਟਰੀਟ ਲਾਇਟ ਸ਼ਾਖਾ ਦਾ ਕੰਮ ਜਿਵੇ ਕਿ ਬੰਦ ਸਟਰੀਟ ਲਾਇਟ ਪੁਆਇੰਟਾਂ ਦੀ ਚੈਕਿੰਗ ਅਤੇ ਫੀਲਡ ਦੇ ਹੋਰ ਕੰਮਾਂ ਵਿੱਚ ਬਹੁਤ ਮੁਸ਼ਕਿਲ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਥੇ ਇਹ ਵੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਮਾਰਟ ਸਿੱਟੀ ਪ੍ਰੋਜੈਕਟ ਅਧੀਨ ਮੌਜੂਦਾ ਲਾਇਟਾਂ ਨੂੰ ਐਲ.ਈ.ਡੀ ਲਾਇਟਾਂ ਵਿੱਚ ਤਬਦੀਲ ਕਰਨ ਦਾ ਕੰਮ ਵੀ ਪ੍ਰਗਤੀ ਅਧੀਨ ਹੈ। ਇਸ ਕਰਕੇ ਸਟਰੀਟ ਲਾਇਟ ਸ਼ਾਖਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ 6 ਨੰ: ਲਾਇਨ ਮੈਨ ਅਤੇ 3 ਨੰ: ਸਹਾਇਕ ਲਾਇਨ ਮੈਨ ਆਉਟ ਸੋਰਸ ਰਾਹੀਂ ਰੱਖਣ ਵਾਸਤੇ ਇਕ ਸਾਲ ਦਾ ਤਖਮੀਨਾ ਰੁਪਏ 14,56,056/- ਦਾ ਤਿਆਰ ਕੀਤਾ ਗਿਆ ਹੈ। ਇਹਨਾ ਆਉਟ ਸੋਰਸ ਤੇ ਰੱਖੇ ਕਰਮਚਾਰੀਆਂ ਦੀ ਅਦਾਇਗੀ ਮੁੱਖ ਸਕੱਤਰ ਪੰਜਾਬ ਸਰਕਾਰ/ਸਥਾਨਕ ਸਰਕਾਰ ਦੇ ਪਿਠਅੰਕਨ ਨੰ: 1/12/2011-2 ਸਸ4/2157 ਮਿਤੀ 11-08-11 ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਪੱਤਰ ਨੰ: ਐਸ.ਟੀ/26978 ਮਿਤੀ 31.10.19 ਰਾਹੀਂ ਮਿਤੀ 01.09.19 ਤੋ ਜਾਰੀ ਮਿਨੀਮਮ ਵੇਜਿਜ਼ ਅਨੁਸਾਰ ਰੁਪਏ 14,56,056/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਵਿੱਚ ਮਿਨੀਮਮ ਵੇਜਿਜ਼ ਤੋ ਇਲਾਵਾ 13% ਈ.ਪੀ.ਐਫ, 3.25% ਈ.ਐਸ.ਆਈ ਅਤੇ ਰੂਲਾਂ ਅਨੁਸਾਰ 2.50% ਕੰਟਰੈਕਟਰ ਪ੍ਰੋਫਿਟ ਦਾ ਉਪਬੰਧ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਇਨ ਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 26.02.2021 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਰਾਹੀਂ ਮਿਤੀ 05.4.2021 ਨੂੰ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮਿਤੀ 23.4.2021 ਨੂੰ ਮੰਗੇ ਗਏ ਸਨ, ਕੁੱਲ 2 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਟੈਕਨੀਕਲ ਇਵੈਲੁਏਸ਼ਨ ਟੀਮ ਸਨਮੁੱਖ ਪੇਸ਼ ਕੀਤੀ ਗਈ, ਜਿਸ ਨੂੰ ਘੋਖਣ ਉਪਰੰਤ ਪਤਾ ਲਗਾ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀ ਟਰਮਜ਼ ਕੰਡੀਸ਼ਨਜ਼ ਅਨੁਸਾਰ ਮੈਸਰਜ਼ Spider Industrial Security Service pvt Ltd ਵੱਲੋਂ ਮੰਗੇ ਦਸਤਾਵੇਜ਼ ਪੂਰੇ ਵੈਬਸਾਈਟ ਤੇ ਅਪਲੋਡ ਨਾ ਕਰਵਾਉਣ ਕਾਰਨ ਇਸ ਅਜੰਸੀ ਦੀ ਬਿਡ ਨੂੰ ਤਕਨੀਕੀ ਤੌਰ ਤੇ ਡਿਸਕੁਆਲੀਫਾਈ ਕਰ ਦਿੱਤਾ ਗਿਆ ਅਤੇ ਦੂਸਰੀ ਅਜੰਸੀ ਦੀ ਤਕਨੀਕੀ ਬਿਡ ਮਿਆਰ ਪੱਖੋ ਪੂਰੀ ਹੋਣ ਕਾਰਨ ਇਸ ਦੀ ਵਿੱਤੀ ਬਿਡ ਖੋਲੀ ਗਈ। ਇਸ ਅਜੰਸੀ ਮੈਸਰਜ਼ ਆਰ.ਬੀ.ਐਮ ਸਰਵਿਸਿਜ਼ ਜਲੰਧਰ ਨੇ ਵਿਸ਼ੇ ਅਧੀਨ ਟੈਂਡਰ ਦੀ ਵਿੱਤੀ ਬਿਡ ਵਿੱਚ ਦੇਣਯੋਗ ਪ੍ਰੋਫਿਟ 2.50% ਦੀ ਰਕਮ ਰੁਪਏ 27,418/- ਦੇ ਵਿਰੁੱਧ ਸੇਵਿੰਗ 0.20% ਰੁਪਏ 27,363/- ਵਿੱਚ ਕਰੇਗੀ, ਯਾਨੀਕਿ ਇਹ ਅਜੰਸੀ ਟੈਂਡਰ ਦਾ ਖਰਚਾ ਤਖਮੀਨਾ ਰੁਪਏ 14,56,056/- ਦੇ ਵਿਰੁੱਧ ਰੁਪਏ 14,56,001/- ਬਣਦਾ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 1.6.2021 ਰਾਹੀਂ ਉਕਤ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿਚ ਰੱਖਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 2.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-356

ਵਿਸ਼ਾ: Const. of cement concrete road from DAV Flyover to Maqsudan Flyover Sabzi Mandi side. Gen. (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 343.06 ਲੱਖ ਟੈਂਡਰ ਅਮਾਊਂਟ ਰੁ: 269.85 ਲੱਖ ਸੇਵਿੰਗ: 21.34%

ਫਰਮ ਦਾ ਨਾਂ:- ਸੇਠੀ ਇੰਟਰਪ੍ਰਾਇਜ਼ਜ਼

ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 15.2.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-357

ਵਿਸ਼ਾ: Const. of various CC streets in Vanshika Karyana Store to Pathania Medical Store (Santokhpura), W.No. 59 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 11.19 ਲੱਖ ਟੈਂਡਰ ਅਮਾਉਂਟ ਰੁ: 8.17 ਲੱਖ ਸੇਵਿੰਗ: 27.00%
ਫਰਮ ਦਾ ਨਾਂ:- ਦੀ ਬਿਆਸ ਸਤਲੁਜ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-358

ਵਿਸ਼ਾ: Const. of various CC streets in Jaimal Nagar, W.No. 58 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 33.08 ਲੱਖ ਟੈਂਡਰ ਅਮਾਉਂਟ ਰੁ: 27.24 ਲੱਖ ਸੇਵਿੰਗ: 17.65%

ਫਰਮ ਦਾ ਨਾਂ:- ਦੀ ਦਸ਼ਮੇਸ਼ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ

ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-359

ਵਿਸ਼ਾ: Const. of various CC streets in Kot Kishan Chand near Devi Sahai Sr. Sec. School wali gali, W.No. 55 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 20.99 ਲੱਖ ਟੈਂਡਰ ਅਮਾਊਂਟ ਰੁ: 16.24 ਲੱਖ ਸੇਵਿੰਗ: 22.65%
ਫਰਮ ਦਾ ਨਾਂ:- ਦੀ ਦਸ਼ਮੇਸ਼ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-360

ਵਿਸ਼ਾ: Const. of CC flooring streets in Kishanpura, W.No. 57 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 22.44 ਲੱਖ ਟੈਂਡਰ ਅਮਾਉਂਟ ਰੁ: 17.99 ਲੱਖ ਸੇਵਿੰਗ: 19.85%
ਫਰਮ ਦਾ ਨਾਂ:- ਦੀ ਸ਼ਿਵਮ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-361

ਵਿਸ਼ਾ: Const. of various CC streets in Krishna Gali, W.No. 55 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 9.55 ਲੱਖ ਟੈਂਡਰ ਅਮਾਉਂਟ ਰੁ: 6.97 ਲੱਖ ਸੇਵਿੰਗ: 27.00%
ਫਰਮ ਦਾ ਨਾਂ:- ਦੀ ਬਿਆਸ ਸਤਲੁਜ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-362

ਵਿਸ਼ਾ: Const. of various CC streets in Parkash Electrical in Santokhpura, W.No. 59 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 32.12 ਲੱਖ ਟੈਂਡਰ ਅਮਾਉਂਟ ਰੁ: 27.90 ਲੱਖ ਸੇਵਿੰਗ: 13.13%
ਫਰਮ ਦਾ ਨਾਂ:- ਏ.ਪੀ.ਇੰਡਸਟਰੀਜ਼
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-363

ਵਿਸ਼ਾ: Const. of CC flooring in Laxmi Pura, W.No. 60 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 34.55 ਲੱਖ ਟੈਂਡਰ ਅਮਾਉਂਟ ਰੁ: 26.21 ਲੱਖ ਸੇਵਿੰਗ: 24.13%

ਫਰਮ ਦਾ ਨਾਂ:- ਤਰਵਿੰਦਰ ਪਾਲ ਸਿੰਘ ਕੰਟਰੈਕਟਰ

ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 05

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-364

ਵਿਸ਼ਾ: Renovation and Repair of Quarter No. 13 of Balmiki Colony. (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 0.86 ਲੱਖ ਟੈਂਡਰ ਅਮਾਉਂਟ ਰੁ: 0.86 ਲੱਖ ਸੇਵਿੰਗ: 0.10%
ਫਰਮ ਦਾ ਨਾਂ:- ਨੌਨਿਹਾਲ ਕੰਟਰੈਕਟਰ ਕੰਪਨੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 22.2.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-365

ਵਿਸ਼ਾ: P/L 30mm BC on road Workshop Chowk to Chandan Nagar Under Bridge. (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 73.21 ਲੱਖ ਟੈਂਡਰ ਅਮਾਉਂਟ ਰੁ: 68.16 ਲੱਖ ਸੇਵਿੰਗ: 6.90%
ਫਰਮ ਦਾ ਨਾਂ:- ਭੂਸ਼ਨ ਛੁਰਾ ਐਂਡ ਕੰਪਨੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 21.1.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਵਲੋਂ ਇਸ ਕੰਮ ਲਈ 7.90% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 7.90% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-366

ਵਿਸ਼ਾ: Renovation and Development of Park in Tagore Nagar, (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 20.53 ਲੱਖ ਟੈਂਡਰ ਅਮਾਉਂਟ ਰੁ: 18.43 ਲੱਖ ਸੇਵਿੰਗ: 10.22%
ਫਰਮ ਦਾ ਨਾਂ:- ਹਰੀ ਕੰਸਟਰਕਸ਼ਨ ਕੰਪਨੀ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 5.2.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਸੰਯੁਕਤ ਕਮਿਸ਼ਨਰ(ੲ) ਨੇ ਮਿਤੀ 2.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।ਕਮਿਸ਼ਨਰ ਜੀ ਨੇਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-367

ਵਿਸ਼ਾ: Const. of streets in W.No. 28 from Sangha Chowk to Kay Pee Stadium and Kuki Dhab Chowk to Sai Mandir, (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 86.40 ਲੱਖ ਟੈਂਡਰ ਅਮਾਉਂਟ ਰੁ: 79.57 ਲੱਖ ਸੇਵਿੰਗ: 7.90%
ਫਰਮ ਦਾ ਨਾਂ:- ਭੂਸ਼ਨ ਛੁਰਾ ਐਂਡ ਕੰਪਨੀ
ਟੈਂਡਰ ਕਾਲ ਕੀਤੇ:- ਗਿਆਰਵੀਂ ਵਾਰੀ ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਹਾਊਸ ਦੇ ਮਤਾ ਨੰ: 25(10) ਮਿਤੀ : 18.1.2021 ਰਾਹੀ ਪ੍ਰਵਾਨ ਕੀਤਾ ਹੈ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ।ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021

ਮਤਾ ਨੰਬਰ:-368

ਵਿਸ਼ਾ: Const. of various CC streets in Kot Kishan Chand, W.No. 55, (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 16.51 ਲੱਖ ਟੈਂਡਰ ਅਮਾਉਂਟ ਰੁ: 12.05 ਲੱਖ ਸੇਵਿੰਗ: 27.00%
ਫਰਮ ਦਾ ਨਾਂ:- ਦੀ ਬਿਆਸ ਸਤਲੁਜ ਕੋ.ਆਪ. ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

10.6.2021

ਮਤਾ ਨੰਬਰ:-369

ਵਿਸ਼ਾ: Const. of Various CC streets in Laxmi Pura, W.No. 60, (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 37.97 ਲੱਖ ਟੈਂਡਰ ਅਮਾਉਂਟ ਰੁ: 28.81 ਲੱਖ ਸੇਵਿੰਗ: 24.13%
ਫਰਮ ਦਾ ਨਾਂ:- ਤਰਵਿੰਦਰ ਪਾਲ ਸਿੰਘ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 3.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
10.6.2021